# ਦਫਤਰ ਖੇਤੀਬਾੜੀ ਸਲਾਹਕਾਰ ਸਿੱਖਿਆ ਵਿਭਾਗ ਪੰਜਾਬ

ਪੰ:ਸ:ਸਿ:ਬੋਰਡ ਕੰਪਲੈਕਸ, ਬਲਾਕ ਈ, 7ਵੀਂ ਮੰਜਿਲ, ਫੇਜ-8, ਐਸ.ਏ.ਐਸ.ਨਗਰ

ਵੈਬਸਾਈਟ ਰਾਹੀਂ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਸ.ਸ.ਸ.ਸ./ਹਾਈ ਸਕੂਲ,
ਪੰਜਾਬ।
(ਕੇਵਲ ਖੇਤੀਬਾੜੀ ਫਾਰਮਾਂ ਵਾਲੇ)

ਮੀਮੋ ਨੰ: 2/17-2019 ਖਬਸ/ 2019 97889 | 33
ਮਿਤੀ: ਐਸ.ਏ.ਐਸ.ਨਗਰ 28-3-19

ਵਿਸ਼ਾ: ਸਕੂਲ ਖੇਤੀਬਾੜੀ ਫਾਰਮ ਦੀ ਜਮੀਨ ਨੂੰ ਸਾਲ 2019-20 ਲਈ ਠੇਕੇ ਤੇ ਦੇਣ ਦੀ ਪ੍ਰਵਾਨਗੀ ਦੇਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਖੇਤੀਬਾੜੀ ਫਾਰਮਾਂ ਵਾਲੇ ਸਮੂਹ ਸਕੂਲ ਮੁਖੀਆਂ ਨੂੰ ਸਕੂਲ ਦੇ ਖੇਤੀਬਾੜੀ ਫਾਰਮ ਦੀ ਜਮੀਨ ਸਾਲ 2019-20 ਲਈ ਹੇਠ ਲਿਖੀਆਂ ਸ਼ਰਤਾਂ ਤੇ ਠੇਕੇ ਤੇ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਜਮੀਨ ਮਈ-2019 ਤੋਂ ਠੇਕੇ ਤੇ ਦਿੱਤੀ ਜਾਣੀ ਹੈ।

1. ਜਮੀਨ ਕੇਵਲ ਇੱਕ ਸਾਲ ਭਾਵ 2019-20 ਲਈ ਠੇਕੇ ਤੇ ਦਿੱਤੀ ਜਾਵੇ। ਇਸ ਠੇਕੇ ਦੀ ਮਿਆਦ ਦੀ ਆਖਰੀ ਤਰੀਕ ਵੱਧ ਤੋਂ ਵੱਧ 30 ਅਪ੍ਰੈਲ 2020 ਰੱਖੀ ਜਾਵੇ।
2. ਸਕੂਲ ਫਾਰਮ ਦੀ ਇਹ ਜਮੀਨ ਸਰਕਾਰੀ ਨਿਯਮਾਂ ਅਨੁਸਾਰ ਨਿਲਾਮੀ ਰਾਹੀਂ ਠੇਕੇ ਤੇ ਦੇ ਦਿੱਤੀ ਜਾਵੇ। ਨਿਲਾਮੀ ਕਰਨ ਤੋਂ ਪਹਿਲਾਂ ਲੋਕਲ ਪਿੰਡਾਂ ਵਿੱਚ ਮੁਨਿਆਦੀ ਕਰਵਾਈ ਜਾਵੇ ਅਤੇ ਇਸ਼ਤਿਹਾਰਾਂ ਰਾਹੀਂ ਵੱਧ ਤੋਂ ਵੱਧ ਪਬਲਿਕ ਨੂੰ ਸੂਚਿਤ ਕੀਤਾ ਜਾਵੇ। **ਕਿਸੇ ਵੀ ਪਿੰਡ/ਸ਼ਹਿਰ ਦਾ ਬੋਲੀਕਾਰ, ਬੋਲੀ ਵਿੱਚ ਹਿੱਸਾ ਲੈ ਸਕੇਗਾ।**
3. ਜਮੀਨ ਜਿਸ ਵਿਅਕਤੀ ਨੂੰ ਪਿਛਲੇ ਸਾਲ ਠੇਕੇ ਤੇ ਦਿੱਤੀ ਗਈ ਸੀ, ਉਸਨੂੰ ਠੇਕੇ ਤੇ ਨਹੀਂ ਦਿੱਤੀ ਜਾਵੇਗੀ।
4. ਠੇਕੇ ਤੇ ਪ੍ਰਤੀ ਏਕੜ ਦਰ ਕਿਸੇ ਵੀ ਹਾਲਤ ਵਿੱਚ ਪਿੰਡ ਵਿੱਚ ਪ੍ਰਚਲਿਤ ਦਰਾਂ ਨਾਲੋਂ ਘੱਟ ਨਾ ਰੱਖੀ ਜਾਵੇ। ਪਿਛਲੇ ਸਾਲ ਹੋਈ ਕੁੱਲ ਆਮਦਨ ਦਾ ਸਰਕਾਰੀ ਨਿਯਮਾਂ ਅਨੁਸਾਰ ਘੱਟ ਤੋਂ ਘੱਟ 10% ਵਧਾ ਕੇ ਸਰਕਾਰੀ ਬੋਲੀ ਮੁਕੱਰਰ ਕਰਕੇ ਕਮੇਟੀ ਸਾਹਮਣੇ ਬੋਲੀ ਕਰਵਾਈ ਜਾਵੇ ਅਤੇ ਕੋਸ਼ਿਸ਼ ਕੀਤੀ ਜਾਵੇ ਕਿ ਵੱਧ ਤੋਂ ਵੱਧ ਰਕਮ ਨਿਲਾਮੀ ਵੱਜੋਂ ਵਸੂਲ ਹੋਵੇ।
5. ਜੇਕਰ ਲੋੜ ਪਵੇ ਤਾਂ ਠੇਕੇ ਤੇ ਦੇਣ ਵਾਲੀ ਜਮੀਨ ਨੂੰ ਲੋੜ ਅਨੁਸਾਰ ਟੁਕੜਿਆਂ ਵਿੱਚ ਵੰਡ ਲਿਆ ਜਾਵੇ ਅਤੇ ਹਰ ਇੱਕ ਟੁਕੜੇ ਦੀ ਉਪਰ ਲਿਖੇ ਅਨੁਸਾਰ ਵੱਖਰੀ-2 ਨਿਲਾਮੀ ਕੀਤੀ ਜਾਵੇ।
6. ਠੇਕੇ ਦੀ ਸਾਰੀ ਦੀ ਸਾਰੀ ਰਕਮ ਪੇਸ਼ਗੀ ਵਸੂਲ ਕੀਤੀ ਜਾਵੇ ਅਤੇ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਾਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
7. ਬਿਜਲੀ ਦੀ ਮੋਟਰ ਦਾ ਬਿਲ ਬੋਲੀਕਾਰ ਤੋਂ ਲਿਆ ਜਾਵੇ। ਮੋਟਰ ਚਾਲੂ ਹਾਲਤ ਵਿੱਚ ਦਿੱਤੀ ਜਾਵੇ ਅਤੇ ਠੇਕੇ ਦੇ ਮਿਆਦ ਖਤਮ ਹੋਣ ਤੇ ਚਾਲੂ ਹਾਲਤ ਵਿੱਚ ਹੀ ਵਾਪਸ ਲਈ ਜਾਵੇ।
8. ਨਿਲਾਮੀ ਦਾ ਪੂਰਾ ਰਿਕਾਰਡ ਰੱਖਿਆ ਜਾਵੇ ਅਤੇ ਰਿਪੋਰਟ ਅਤੇ ਰਾਸ਼ੀ ਸਰਕਾਰੀ ਖਜਾਨੇ ਜਮ੍ਹਾਂ ਕਰਵਾਉਣ ਸਬੰਧੀ ਚਲਾਨ ਫਾਰਮ ਦੀ ਕਾਪੀ ਖਜਾਨੇ ਤੋਂ ਵੈਰੀਫਾਈ ਕਰਵਾ ਕੇ ਭੇਜੀ ਜਾਵੇ। ਬੋਲੀਕਾਰ ਤੋਂ ਠੇਕੇ ਦੀ ਸਾਰੀ ਰਾਸ਼ੀ ਪੇਸ਼ਗੀ ਵੱਜੋਂ ਪ੍ਰਾਪਤ ਕਰਕੇ ਤੁਰੰਤ ਖਜਾਨੇ ਜਮ੍ਹਾਂ ਕਰਵਾਉਣ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
9. ਬੋਲੀ ਕਰਵਾਉਣ ਲਈ ਰੱਖੀ ਗਈ ਮਿਤੀ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਖੇਤੀਬਾੜੀ ਸਲਾਹਕਾਰ 27/3/19
ਸਿੱਖਿਆ ਵਿਭਾਗ ਪੰਜਾਬ

ਪਿੱਠ ਅੰਕਣ ਨੰ:ਉਕਤ ਮਿਤੀ:ਐਸ.ਏ.ਐਸ.ਨਗਰ 28/3/19

ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਪੰਜਾਬ, (ਸਿਵਾਏ ਐਸ.ਏ.ਐਸ.ਨਗਰ, ਰੋਪੜ ਅਤੇ ਕਪੂਰਥਲਾ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਖੇਤੀਬਾੜੀ ਸਲਾਹਕਾਰ 27/3/19
ਸਿੱਖਿਆ ਵਿਭਾਗ ਪੰਜਾਬ